ੴ ਸਤਿਗੁਰ ਪ੍ਰਸਾਦਿ ॥

## ਟਰੈਕਟ ਨੰਬਰ ੩

# ਅਣਖੀਲਾ ਬਾਬਾ

ਸ੍ਰੀ ਹਜ਼ੂਰ ਬਾਬਾ ਬਿਕਰਮਾ ਸਿੰਘ ਬੇਦੀ
(ਗੁਰੂ ਨਾਨਕ ਪਾਤਸ਼ਾਹ ਦੀ 12ਵੀਂ ਸੰਤਾਨਕ ਜੋਤ)

ਵੱਲੋਂ :—

ਪਹਿਲੀ ਵਾਰ :— ਗੁਰ-ਗੱਦੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਬੇਦੀ ਟਿੱਕਾ ਦੇਵਇੰਦਰ ਸਿੰਘ ਜੀ ਬੇਦੀ ਗੱਦੀ ਨਸ਼ੀਨ। ਆਪ ਦੇ ਜਨਮ ਉਤਸਵ ਸਮੇਂ 26, 27, 28 ਮਾਰਚ 1958 ਨੂੰ ਜਾਰੀ ਹੋਇਆ।

ਦੂਜੀ ਵਾਰ :— ਮੁੜ ਵਰਤਮਾਨ ਗੱਦੀ ਨਸ਼ੀਨ ਜੀ ਨੇ ਆਪ ਦੇ ਜੋਤੀ ਜੋਤ ਸਮਾਗਮ ਸਮੇਂ 22 ਅਗਸਤ 1982 ਨੂੰ ਪ੍ਰਕਾਸ਼ਤ ਕੀਤਾ।

ਲਾਇਲਪੁਰ ਪ੍ਰਿੰਟਿੰਗ ਪ੍ਰੈਸ, ਨੌਲੱਖਾ ਸਿਨਮਾ ਰੋਡ, ਲੁਧਿਆਣਾ।

"ਸ੍ਰੀ ਹਜ਼ੂਰ ਬਾਬਾ ਬਿਕ੍ਰਮਾ ਸਿੰਘ ਜੀ ਬੇਦੀ" ਗੁਰੂ ਨਾਨਕ ਪਾਤਸ਼ਾਹ ਦੀ 12ਵੀਂ ਸੰਤਾਨਕ ਜੋਤ



ੴ ਸਤਿਗੁਰ ਪ੍ਰਸਾਦਿ ॥

# ਅਣਖੀਲਾ ਬਾਬਾ

ਪਿਛਲੇ ਸਾਲ ਸਤਿਗਰੂ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਦੇ ਜਨਮ ਉਤਸਵ ਸਮੇਂ ਆਪ ਦੇ ਸਚੇ ਤੇ ਸੁਚੇ ਜੀਵਨ, ਮਹਾਰਾਜ ਦੇ ਸਿਖ ਦਰਬਾਰ ਨਾਲ ਸਿਬੰਧ, ਆਪ ਦੇ ਧਾਰਮਿਕ ਜੀਵਨ, ਤੇ ਸਿਖ ਸੰਗਤਾਂ ਨਾਲ ਪਿਆਰ ਉਤੇ ਰੌਸ਼ਨੀ ਪਾਈ ਗਈ ਸੀ ਤੇ ਟਰੈਕਟਰ ਵੰਡੇ ਗਏ ਸਨ।

ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ੧੩ ਹਾੜ ਸੁਦੀ ਤਰੋਦਸੀ, ਸੰਮਤ 1891 ਮੁਤਾਬਕ 27 ਜੂਨ ਸੰਨ 1834 ਨੂੰ ਜੋਤੀ ਜੋਤ ਸਮਾਏ, ਤੇ ਆਪ ਦੀ ਇਸ ਊਨਾ ਸਾਹਿਬ ਦੀ ਗੱਦੀ ਨੂੰ ਆਪ ਦੇ ਛੋਟੇ ਸਾਹਿਬਜ਼ਾਦੇ ਬਾਬਾ ਬਿਕਰਮਾ ਸਿੰਘ ਜੀ ਮਹਾਰਾਜ ਨੇ ਸੰਭਾਲਿਆ। ਆਪ ਦਾ ਜੀਵਨ ਜੋ ਗੁਝਾ ਹੈ ਉਸ ਨੂੰ ਇਨ੍ਹਾਂ ਉਤਸਵਾਂ ਤੇ ਪ੍ਰਗਟ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ। ਤਾਂ ਕਿ ਆਪ ਦੀ ਧਰਮ ਪ੍ਰਚਾਰ ਦੀ ਲੜੀ ਚਲਾਈ ਹੋਈ ਨੂੰ ਕਾਇਮ ਰਖਿਆ ਜਾ ਸਕੇ।

ਮਹਾਰਾਜ ਬਾਬਾ ਬਿਕਰਮਾ ਸਿੰਘ ਜੀ ਦਾ ਜਨਮ ਮਕਾਮ ਨੂਰਪੁਰ ਹੋਇਆ ਸੀ। ਜੋ ਊਨਾ ਸਾਹਿਬ ਤੋਂ 24 ਮੀਲ ਹੈ। ਆਪ ਨੂੰ ਪੜ੍ਹਾਈ ਰਾਜ ਕਾਰਜ ਤੇ ਧਾਰਮਿਕ ਸਿਖਿਆ ਵਿਚ ਪੂਰਾ ਕਰ ਕੇ ਇਕ ਬੜੇ ਅਣਖੀਲੇ ਤੇ ਜੋਧੇ ਬਣਾ ਦਿਤਾ ਗਿਆ ਸੀ। ਪੂਰੀ ਸਿਖਿਆ ਪ੍ਰਾਪਤ ਕਰ ਕੇ ਆਪ ਦਾ ਵਿਆਹ ਮਾਤਾ ਪ੍ਰਤਾਪ ਕੌਰ ਸਪੁਤਰੀ ਭਾਈ ਕਾਹਨ ਸਿੰਘ ਜੀ ਨਾਲ; ਪਿੰਡ ਬੇਹਲਪੁਰ, ਜ਼ਿਲਾ ਅੰਬਾਲੇ, ਗੁਰ ਮਰਿਆਦਾ ਦੇ

ਅਨੁਸਾਰ ਕੀਤਾ ਗਿਆ । ਤੀਜੀ ਪਾਤਸ਼ਾਹੀ ਸ਼੍ਰੀ ਗੁਰੂ ਅਮਰਦਾਸ ਜੀ ਨੇ ਇਲਾਕੇ ਵਾਰ ਮੁਖੀ ਪ੍ਰਚਾਰਕਾਂ ਨੂੰ ਜੋ 22 ਮੰਜੀਆਂ ਬਖਸ਼ੀਆਂ ਸਨ ਉਹਨਾਂ ਵਿਚੋਂ ਆਪ ਦੇ ਕੁੜਮ ਬਸੀ ਸਨ । ਖਤਰੀ ਘਰਾਣੇ ਨਾਲ ਸਬੰਧਤ ਸਨ । ਸਤਿਗੁਰੂ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਦੇ ਜੋਤੀ ਜੋਤ ਸਮਾਨ ਤੋਂ ਮਗਰੋਂ ਆਪ ਗੁਰਗੱਦੀ ਊਨੇ ਸਾਹਿਬ ਤੇ ਬਰਾਜ-ਮਾਨ ਹੋਏ, ਤੇ ਪੂਰੀ ਸੰਭਾਲ ਕੀਤੀ । ਮਹਾਰਾਜ ਬਾਬਾ ਬਿਕਰਮਾ ਸਿੰਘ ਜੀ ਨੂੰ ਉਹੀ ਧਾਰਮਿਕ ਤੇ ਰਾਜਸੀ ਰੁਤਬਾ ਸੀ ਜੋ ਆਪ ਦੇ ਪਿਤਾ ਜੀ, ਹਜ਼ੂਰ ਨੂੰ ਸੀ । ਇਸੇ ਕਾਰਨ ਸੰਨ 1844 ਵਿਚ ਆਪ ਨੇ ਮਹਾਰਾਜਾ ਰਣਜੀਤ ਸਿੰਘ ਤੋਂ ਮਗਰੋਂ ਆਪਣੇ ਹਸਤ ਕੰਮਾਲਾਂ ਨਾਲ ਮਹਾਰਾਜਾ ਸ਼ੇਰ ਸਿੰਘ ਨੂੰ ਲਾਹੌਰ ਦਰਬਾਰ ਦਾ ਰਾਜ ਤਿਲਕ ਲਗਾ ਮਹਾਰਾਜਾ ਥਾਪਿਆ

ਪਰ ਇਹ ਸਮਾਂ ਬੜਾ ਭਿਆਨਕ ਸੀ । ਸਿਖ ਦਰਬਾਰ ਵਿਚ ਮਹਾਰਾਜਾ ਰਣਜੀਤ ਸਿੰਘ ਚਲਾਣਾ ਕਰ ਚੁੱਕਾ ਸੀ ਤੇ ਕੋਈ ਵੀ ਚੰਗਾ ਆਗੂ ਰਾਜ ਦਰਬਾਰ ਨੂੰ ਸੰਭਾਲ ਨਹੀਂ ਸਕਦਾ ਸੀ । ਇਸ ਕਰਕੇ ਉਥੇ ਦੇ ਸਰਦਾਰ ਵਜ਼ੀਰ ਆਪੋ ਆਪਨੀ ਤਾਕਤ ਪਕੜਨ ਦੀ ਕੋਸ਼ਿਸ਼ ਕਰ ਰਹੇ ਸਨ । ਐਥੋਂ ਤਕ ਕਿ ਉਸ ਵਕਤ ਦੇ ਮਹਾਰਾਜਾ ਨੌਨਿਹਾਲ ਸਿੰਘ ਨੂੰ ਵੀ ਮਰਵਾ ਦਿਤਾ ਗਿਆ ਤੇ ਉਸ ਦੇ ਮਗਰੋਂ ਮਹਾਰਾਜਾ ਸ਼ੇਰ ਸਿੰਘ ਨੂੰ ਮਰਵਾ ਦਿਤਾ ਤੇ ਮਹਾਰਾਜਾ ਦਲੀਪ ਸਿੰਘ ਜੋ ਨਾਬਾਲਗ ਸੀ, ਗਦੀ ਤੇ ਬਠਾਇਆ ਗਿਆ । ਪਰ ਬੱਚਾ ਕੀ ਰਾਜ ਕਰ ਸਕਦਾ ਸੀ । ਉਧਰ ਪੰਜਾਬ ਦੀ ਸੀਮਾਂ ਤੇ ਅੰਗਰੇਜ਼ ਆਪਣੀ ਕੁਟਲ ਨੀਤੀ ਨਾਲ ਲਸ਼ਕਰ ਲੈ ਕੇ ਬੈਠਾ ਹੋਇਆ ਸੀ ਤੇ ਮੌਕੇ ਦੀ ਤਾੜ ਵਿਚ ਸੀ ਕਿ

ਕਿਸ ਵੇਲੇ ਇਹ ਸਰਦਾਰਾਂ ਦੀ ਫੁਟ ਪਵੇ, ਫੌਜਾਂ ਸਿੰਘਾਂ ਦੀਆਂ ... ਹੋ ਜਾਣ, ਤੇ ਉਹ ਹਲਾ ਬੋਲ ਕੇ ਪੰਜਾਬ ਨੂੰ ਕਬਜ਼ੇ ਵਿਚ ਕਰ ਲੈਣ।

ਪੰਜਾਬ ਨੂੰ ਹੋਣੀ ਨੇ ਆ ਘੇਰਿਆ। ਸੰਨ 1846 ਵਿਚ ਚੰਗੀ ਘੁਮਸਾਨ ਦੀ ਸਿੰਘਾਂ ਤੇ ਅੰਗਰੇਜ਼ਾਂ ਵਿਚ ਲੜਾਈ ਹੋਈ। ਜੈਸਾ ਆਪ ਜਾਣਦੇ ਹੀ ਹੋ ਸਿੰਘਾਂ ਦੀਆਂ ਅਣਗਿਣਤ ਫੌਜਾਂ ਬਦਇਨਤਜ਼ਾਮੀ ਦਾ ਸ਼ਿਕਾਰ ਸਨ, ਨਾ ਠਹਿਰ ਸਕੀਆਂ। ਅੰਗਰੇਜ਼ ਬੜਾ ਸਿਆਣਾ ਸੀ, ਜਾਣਦਾ ਸੀ ਕਿ ਜੇ ਕੋਈ ਤਾਕਤ ਇਹਨਾਂ ਸਿੰਘਾਂ ਨੂੰ ਇਕੱਠਿਆਂ ਕਰ ਕੇ ਮੁੜ ਸਿੰਘਾਂ ਦੀ ਤਾਕਤ ਪੈਦਾ ਕਰ ਸਕਦਾ ਹੈ ਤੇ ਉਹ ਮਹਾਰਾਜਾ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਦਾ ਉਨਾ ਸਾਹਿਬ ਦਾ ਘਰਾਣਾ ਹੈ। ਅਜ ਪੜਤਾਲ ਤੋਂ ਪਤਾ ਲਗਦਾ ਹੈ ਕਿ ਮਹਾਰਾਜ ਬਾਬਾ ਬਿਕਰਮਾਂ ਸਿੰਘ ਜੀ ਨੇ 2000 ਬੇਦੀ ਸਾਹਿਬਜ਼ਾਦੇ ਪੰਜਾਬ ਵਿਚ ਪ੍ਰਚਾਰ ਲਈ ਜਗਾ ਜਗਾ ਥਾਪੇ ਹੋਏ ਸਨ, ਹਮੇਸ਼ਾ ਸਿੰਘਾਂ ਨੂੰ ਇਕਠਿਆਂ ਕਰਨਾ ਗੁਰਬਾਨੀ ਦਾ ਪ੍ਰਚਾਰ ਤੇ ਰਾਜ ਕਾਇਮ ਰਖਣ ਦਾ ਯਤਨ ਕਰਦੇ ਸਨ, ਜਦ ਇਨ੍ਹਾਂ ਦਾ ਪ੍ਰਚਾਰ ਦਾ ਇੰਤਜ਼ਾਮ ਸੀ ਤਾਂ ਆਪ ਸਮਝ ਸਕਦੇ ਹੋ ਕਿ ਅੰਗਰੇਜ਼ ਇਸ ਘਰਾਣੇ ਤੋਂ ਕਿਉਂ ਨਾ ਡਰਦਾ ?

ਇਸੇ ਲਈ ਪਹਿਲੀ ਲੜਾਈ ਤੋਂ ਬਾਦ ਇਸ ਅੰਗਰੇਜ਼ ਨੇ ਸਤਲੁਜ ਤੇ ਬਿਆਸ ਦਾ ਇਲਾਕਾ ਸਿੰਘਾਂ ਪਾਸੋਂ ਖੋਹ ਲਿਆ ਤੇ ਮਹਾਰਾਜ ਬਾਬਾ ਬਿਕਰਮਾ ਸਿੰਘ ਜੀ ਨੂੰ ਆਪਣੇ ਨਾਲ ਮਿਲਾਣ ਦਾ ਯਤਨ ਕਰਦਾ ਰਿਹਾ ਤੇ ਆਪਣੀ ਕੂਟਲ ਨੀਤੀ ਚਲਾਣੀ ਸ਼ੁਰੂ ਕਰ ਦਿਤੀ। ਮਹਾਰਾਜ ਬਾਬਾ ਬਿਕਰਮਾਂ ਸਿੰਘ ਜੀ ਦੀ ਇਸ ਸਮੇਂ ਵਿਚ ਸਲਾਨਾ ਆਮਦਨ 1,90,850 ਰੁਪਏ ਦੀ ਸੀ (ਜੈਸਾ ਕਿ ਵਦੇਸ਼ ਵਿਭਾਗ ਦੀ ਚਿਠੀ ਨੰ:

649 ਜੋ ਜੌਨ ਲਾਰਿੰਸ ਨੇ ਗਵਰਨਰ ਜਨਰਲ ਨੂੰ 7 ਮਈ 1846 ਨੂੰ ਲਿਖੀ) ਇਸ ਚਿਠੀ ਵਿਚ ਆਪ ਬਾਰੇ ਇਸ ਤਰ੍ਹਾਂ ਲਿਖਿਆ ਹੈ : 'ਜਸਵਾਂ ਦੀ ਵਾਦੀ ਵਿਚ ਤਲਹਟੀ ਤੇ ਸਲੋਹ (East) ਪੂਰਬੀ ਪਾਸੇ ਵਲ ਹਨ। ਇਹ ਇਲਾਕਾ ਬੜੇ ਮਸ਼ਹੂਰ ਓ ਮੌਰੂਫ ਬਾਬਾ ਬਿਕਰਮਾਂ ਸਿੰਘ ਜੀ ਜੋ ਬੇਦੀ ਸਾਹਿਬਜ਼ਾਦਿਆਂ ਦੇ ਆਗੂ ਹਨ, ਉਨ੍ਹਾਂ ਦਾ ਹੈ। ਆਪ ਦੀ ਜਾਲੰਧਰ ਦੁਆਬੇ ਵਿਚ ਬਹੁਤ ਸਾਰੀ ਹੋਰ ਜਾਇਦਾਦ ਵੀ ਹੈ, ਤੇ ਬਹੁਤ ਸਾਰੀ ਜਾਗੀਰ ਵੀ ਹੈ। ਆਪ ਦੇ ਬੜੇ ਭਾਰੀ ਮਜ਼ਬੂਤ ਕਿਲੇ ਹਨ ਤੇ ਆਪ ਅੰਗਰੇਜ਼ ਦੇ ਹੱਕ ਵਿਚ ਬਹੁਤ ਖਤਰਨਾਕ ਆਦਮੀ ਹਨ।

ਇਸ ਵਿਚ ਕਈ ਸ਼ਕ ਨਹੀਂ ਕਿ ਆਪ ਸਿੱਖ ਸੰਗਤਾਂ ਦੇ ਆਗੂ ਹੋਣ ਦੀ ਹੈਸੀਅਤ ਵਿਚ ਆਪਣੀ ਕੌਮ ਤੇ ਮੁਲਕ ਦੇ ਲੋਕਾਂ ਨੂੰ ਕਾਮਿ-ਆਬ ਦੇਖਣਾ ਚਾਹੁੰਦੇ ਹਨ। ਜੇ ਇਸ ਨੇ ਅੰਗਰੇਜ ਦੇ ਖਿਲਾਫ ਕੋਈ ਕਾਰਵਾਈ ਕੀਤੀ ਤੇ ਅਸੀਂ ਬਾਕੀ ਸਿੰਘਾਂ ਸਰਦਾਰਾਂ ਵਾਂਗ ਇਸ ਨਾਲ ਭੀ ਸਰਕਾਰੀ ਵਰਤਨ ਬੰਦ ਕਰ ਦਿਆਂਗੇ। ਮੈਨੂੰ ਅਜੇ ਤਕ ਸਬੂਤ ਨਹੀਂ ਮਿਲਿਆ ਪਰ ਬਾਬਾ ਸਾਹਿਬ ਨੂੰ ਬੜੇ ਖਿਆਲ ਨਾਲ ਨਜ਼ਰ ਵਿਚ ਰਖਣ ਦੀ ਜ਼ਰੂਰਤ ਹੈ। ਪਰ ਜੇ ਇਸ ਨੇ ਬਗਾਵਤ ਕੀਤੀ ਤਾਂ ਬਹੁਤ ਕੁਝ ਗਨਵਾ ਬੈਠੇਂਗਾਂ। ਇਸ ਵੇਲੇ ਇਸ ਦੀ ਪਹਾੜੀ ਇਲਾਕੇ ਦੀ ਆਮਦਨ 1,90,950 ਰੁਪਏ ਹੈ। ਜੇ ਇਸ ਬਗਾਵਤ ਵਿਚ ਹਿਸਾ ਲਿਆ ਤਾਂ ਇਹ ਤਬਾਹ ਹੋ ਜਾਵੇਗਾ। ਅਜੇ ਆਪ ਜਵਾਨ, ਹੁਸ਼ਿਆਰ, ਹੋਨਹਾਰ ਤੇ ਸ਼ਕਾਰ ਦੇ ਸ਼ੌਕੀਨ ਹਨ। ਇਹਨਾਂ ਬਾਰੇ ਫੇਰ ਰੀਪੋਰਟ ਕਰਾਂਗਾ।'

ਅੰਗਰੇਜ਼ ਦੀ ਕੂਟਲ ਨੀਤੀ ਤਾਂ ਇਸ ਚਿਠੀ ਤੋਂ ਜ਼ਾਹਿਰ ਹੈ, ਤੇ ਇਹ ਵੀ ਸਾਫ ਜ਼ਾਹਿਰ ਹੈ, ਕਿ ਅੰਗਰੇਜ਼, ਮਹਾਰਾਜ ਦੇ ਨਾਲ ਸ਼ਾਮਲ ਹੋਣ ਦਾ ਭਰੋਸਾ ਨਾ ਰਖਦੇ ਸਨ। ਤੇ ਮਹਾਰਾਜ ਦਾ ਖਾਤਮਾ ਹੀ ਕਰਨਾ ਮੁਨਾਸਬ ਸਮਝਦੇ ਸਨ। ਇਹ ਜਾਣਦੇ ਹੋਏ ਕਿ ਅੰਗਰੇਜ਼ ਦੀ ਤਾਕਤ ਬੜੀ ਹੈ। ਪਰ ਸਹਾਰਾਜ ਇਕ ਬੜੇ ਬਲੀ ਜੋਧੇ ਸਨ,। ਇਹ ਗਲ ਚਿਠੀ ਨੰ: 17 ਤਰੀਖ 1-6-1846 ਜੋ ਜੌਨ ਲਾਰਿੰਸ ਨੇ ਗਵਰਨਰ ਜਨਰਲ ਨੂੰ ਇਸ ਤਰ੍ਹਾਂ ਲਿਖੀ ਸਾਬਤ ਹੁੰਦੀ ਹੈ।

22 ਅਪਰੈਲ ਨੂੰ ਬਾਬਾ ਬਿਕਰਮਾਂ ਸਿੰਘ ਜੀ ਊਨੇ ਵਾਲਿਆਂ ਦੇ ਵਕੀਲ ਨੂੰ ਸੱਦਾ ਭੇਜਿਆ। ਮੈਂ ਉਸ ਦੇ ਪਾਸ ਪੁਰਜੋਰ ਸਫਾਰਸ਼ ਕੀਤੀ ਕਿ ਉਹ ਆਪਣੇ ਮਾਲਕ ਨੂੰ ਜਾ ਕੇ ਜ਼ੋਰ ਪਾਵੇ ਕਿ ਸਾਰੀਆਂ ਤੋਪਾਂ ਉਹ ਹੁਸ਼ਿਆਰਪੁਰ ਘਲ ਦੇਵੇਂ। ਤੇ ਇਸੇ ਗਲ ਵਿਚ ਉਸ ਦੀ ਭਲਾਈ ਹੈ। ਤੇ ਵਕੀਲ ਦੇ ਕਹਿਣ ਮੁਤਾਬਕ ਮੈਂ ਉਸ ਨੂੰ ਵਚਨ ਦਿਤਾ ਕਿ ਜੇ ਕਰ ਤੋਪਾਂ 1—2 ਦਿਨਾਂ ਵਿਚ ਘਲ ਦਿਤੀਆਂ ਤਾਂ ਉਹਨਾਂ ਨੂੰ ਤੁੜਵਾਂ ਕੇ ਮੈਂ ਟੁਟਾ ਮਾਲ ਵਾਪਸ ਕਰ ਦੇਵਾਂਗਾ। ਪਰ ਬੜਾ ਜ਼ੋਰ ਦੇਣ ਤਾਈਂ 10 ਮਈ ਨੂੰ ਮੈਨੂੰ ਬਾਬਾ ਬਿਕਰਮਾ ਸਿੰਘ ਜੀ ਦੀ ਚਿੱਠੀ ਮਿਲੀ ਕਿ ਆਪ ਤੋਪਾਂ ਦੇਣ ਲਈ ਤਿਆਰ ਨਹੀਂ ਹਨ। ਮੈਂ ਉਹਨਾਂ ਨੂੰ 10 ਦਿਨ ਹੋਰ ਮੋਹਲਤ ਦੇ ਦਿਤੀ, ਤਾ ਕਿ ਮੇਰਾ ਹੁਕਮ ਮਨ ਲੈਣ ਤੇ ਤੋਪਾਂ ਵਾਪਸ ਕਰ ਦੇਣ, ਤੇ ਇਹ ਵੀ ਦਸ ਦਿਤਾ, ਜੇ ਆਪ ਨੇ ਇਨਕਾਰ ਕੀਤਾ ਤਾਂ ਉਹ ਰੀਪੋਰਟ ਗੌਰਮਿੰਟ ਨੂੰ ਕਰ ਦੇਵਾਂਗਾ। 22 ਮਈ ਨੂੰ ਮੈਂ ਫੇਰ ਬਾਬਾ ਜੀ ਦੇ ਵਕੀਲ ਨੂੰ ਸੱਦਿਆ

ਤੇ ਦਸਿਆ ਕਿ ਬਾਬਾ ਜੀ ਨੇ ਕਿਤਨੀ ਗੁਸਤਾਖੀ ਕੀਤੀ ਹੈ ਜੋ ਤੋਪਾਂ ਨਹੀਂ ਘੱਲੀਆਂ। ਫੇਰ ਵੀ ਮੈਂ ਪਾਸ ਬਣਵਾ ਦਿਤਾ ਤਾਂ ਕਿ ਤੋਪਾਂ ਊਨੇ ਸਾਹਿਬ ਤੋਂ ਹੁਸ਼ਿਆਰਪੁਰ ਲਿਆਈਆਂ ਜਾਣ। 23 ਤਾਰੀਖ ਤਕ ਕੋਈ ਨਾ ਆਇਆ ਸੋ ਮੈਂ ਬਾਬਾ ਜੀ ਦੇ ਵਕੀਲ ਨੂੰ ਆਪਣੀ ਕਚੈਹਰੀ ਵਿਚੋਂ ਕੱਢ ਦਿਤਾ ਤੇ ਕਿਹਾ ਕਿ ਜੇ ਹੁਕਮ 7 ਦਿਨਾਂ ਵਿਚ ਮੰਨਿਆਂ ਗਿਆ ਤਾਂ ਗੌਰਮਿੰਟ ਨੂੰ ਰੀਪੋਰਟ ਘਲਾਂਗਾ (ਅਗੇ ਚੱਲ ਕੇ ਲਿਖਦਾ ਹੈ) ਆਪ ਦੇ 2 ਕਿਲੇ ਬੜੇ ਵਜ਼ਬੂਤ ਦੂਨ ਵਿਚ ਨੂਰਪੁਰ ਤੇ ਗੁਨਾਚੌਰ ਹਨ। ਮੇਜਰ ਨਕਿਲਸਨ ਨੇ ਮੈਨੂੰ ਦਸਿਆ ਹੈ ਜੋ ਇਹ ਬੜੇ ਮਜ਼ਬੂਤ ਹਨ। ਗੌਰਮਿੰਟ ਦੀ ਨਰਾਜ਼ਗੀ ਦੇ ਕਾਰਨ ਮੈਂ ਸਫਾਰਸ਼ ਕਰਦਾ ਹਾਂ ਜੋ ਇਹ ਕਿਲੇ ਢਾਹ ਢੇਰੀ ਕਰ ਦਿਤੇ ਜਾਣ ਤੇ ਆਪਣੇ ਕਬਜ਼ੇ ਵਿਚ ਲੈ ਕੇ ਤੋਪਾਂ ਵੀ ਖੋਹ ਲਈਆ ਜਾਨ। ਆਪ ਹੁਣ ਊਨੇ ਸਾਹਿਬ ਰਹਿੰਦੇ ਹਨ ਤੇ ਉਹਨਾਂ ਨੂੰ ਹੁਣ ਇਹਨਾਂ ਕਿਲਿਆਂ ਦੀ ਲੋੜ ਨਹੀਂ ਹੈ। ਮੈਂ ਇਹ ਵੀ ਦਸ ਦੇਵਾਂ ਜੋ ਜਲੰਧਰ ਦੁਆਬੇ ਵਿਚ 2000 ਘਰਾਨੇ ਬੇਦੀ ਸਾਹਿਬਜ਼ਾਦਿਆਂ ਦੇ ਹਨ ਜਿਹਨਾਂ ਦਾ ਬੇਦੀ ਬਿਕਰਮਾ ਸਿੰਘ ਵਡਾ ਤੇ ਗੁਰੂ ਮੰਨਿਆ ਜਾਂਦਾ ਹੈ। 19 ਅਪਰੈਲ ਨੂੰ ਸਫਾਰਸ਼ ਕਰਦਿਆਂ ਹੋਇਆਂ ਲਿਖਿਆ ਕਿ ਬੇਦੀ ਬਿਕਰਮਾਂ ਸਿੰਘ ਇਕ ਬੜਾ ਵਡਾ ਸਿਖ ਕੌਮ ਦਾ ਪੈਰੋਕਾਰ ਹੈ। ਲੜਕੀਆਂ ਦੇ ਮਾਰਨ ਦੀ ਜੋ ਰਸਮ ਪ੍ਰਚਲਤ ਸੀ ਇਸ ਨੂੰ ਖਤਮ ਕਰਨ ਲਈ ਆਪ ਦੀ ਸਹਾਇਤਾ ਮੰਗੀ ਪਰ ਮਹਾਰਾਜ ਨੇ 10 ਮਈ ਨੂੰ ਜਵਾਬ ਦਿਤਾ ਕਿ ਆਪ ਗੌਰਮਿੰਟ ਦੀ ਕੋਈ ਸਹਾਇਤਾ ਨਹੀਂ ਕਰ ਸਕਦੇ। ਮੈਂ ਫੇਰ ਲਿਖਿਆ ਕਿ ਉਹ ਅੱਕਠ ਕਰ ਕੇ ਪ੍ਰਚਾਰ ਕਰਨ, ਪਰ ਮੈਨੂੰ ਬਾਬਾ ਸਾਹਿਬ ਨੇ ਜਵਾਬ

ਦੇਣ ਤੋਂ ਵੀ ਇਨਕਾਰ ਕਰ ਦਿਤਾ । ਮੈਂ ਤਾਂ ਇਹ ਜਾਣਦਾ ਹਾਂ ਕਿ ਆਪ ਬਾਬਾ ਸਾਹਿਬ ਵੀ ਵਡੇ ਭਾਰੀ ਮੁਲਜ਼ਮ ਹਨ । ਪਰ ਇਹਨਾਂ ਗਲਾਂ ਨੂੰ ਰਖਦੇ ਹੋਏ ਮੈਂ ਲਿਖਾਂਗਾ ਕਿ ਪੁਲੀਸ ਦੀ ਤਾਕਤਵਰ ਜਮਾਇਤ ਰਖੀ ਜਾਵੇ ਜੋ ਸਾਰੇ ਬਾਬਾ ਸਾਹਿਬ ਦੇ ਇਲਾਕੇ ਵਿਚ ਲਗਾਈ ਜਾਵੇ।' ਤੇ ਮੈਨੂੰ ਇਜਾਜ਼ਤ ਦਿਤੀ ਜਾਵੇ ਕਿ ਬੇਦੀ ਸਾਹਿਬ ਸਾਡਾ ਸਾਥ ਨਾ ਕਰਨ ਤਾਂ ਕੁਲ ਜਾਇਦਾਦ ਜ਼ਬਤ ਕਰ ਲਈ ਜਾਵੇ ਤੇ ਜਗੀਰ ਆਪ ਨੂੰ ਵਾਪਸ ਨਾ ਦਿਤੀ ਜਾਵੇ' । ਇਹਨਾਂ ਚਿੱਠੀਆਂ ਤੋਂ ਗੌਰਮਿੰਟ ਬਰਤਾਨੀਆਂ ਦੀ ਨੀਤੀ ਤੇ ਮਹਾਰਾਜ ਦਾ ਹਠ ਤੇ ਨਾ ਝੁਕਣਾ ਸਾਫ ਜ਼ਾਹਿਰ ਹੈ । ਮਹਾਰਾਜ ਤਾਂ ਆਪਣੇ ਆਪ ਨੂੰ ਸਿਖ ਕੌਮ ਦੇ ਕਾਇਮ ਰਖਣ—ਤੇ ਦੇਸ਼ ਦੀ ਅਜ਼ਾਦੀ ਲਈ ਕੁਰਬਾਨ ਕਰ ਦੇਣਾ ਹੀ ਚੰਗਾ ਸਮਝਦੇ ਸਨ । ਅੰਗਰੇਜ਼ ਨੂੰ ਮੂੰਹ ਲਗਾਣਾ ਕੌਮ ਨਾਲ ਗੱਦਾਰੀ ਸੀ । ਲਾਰਨਸ ਤਾਂ ਇਤਨਾ ਬਰਖਿਲਾਫ ਸੀ ਜੋ ਆਪਣੀ ਚਿੱਠੀ 19 ਨਵੰਬਰ 1846 ਵਿਚ ਧਾਰਮਿਕ ਲੰਗਰ ਦੀਆ ਜਗੀਰਾਂ ਬਾਰੇ ਲਿਖਦਾ ਹੈ ਕਿ ਇਹ ਜਗੀਰਾਂ ਫੌਰਨ ਜ਼ਬਤ ਕਰ ਲਈਆਂ ਜਾਣ, ਕਿਉਂਕਿ ਬੇਦੀ ਸਾਹਿਬ ਹਮੇਸ਼ਾ ਸਰਕਾਰ ਨੂੰ ਜਿਸ ਵਕਤ ਮੌਕਾ ਮਿਲੇ ਡੇਮੂ ਵਾਂਗ ਡੱਸਨ ਲਈ ਤਿਆਰ ਰਹਿੰਦੇ ਹਨ ।

ਆਪ ਦੀਆਂ ਕੁਲ ਜਗੀਰਾਂ ਜ਼ਬਤ ਕਰ ਲਈਆਂ ਤੇ ਆਪ ਨੂੰ 22, 250, ਰੁਪੈ ਤਵਾਨ ਪਾ ਦਿਤਾ ਤੇ ਆਪ ਨੂੰ ਇਹਨਾਂ ਵਿਚੋਂ ਮੰਢ, ਊਨਾ ਸਲੋਹ ਤੇ ਤਲਹਟੀ ਵਾਪਸ ਦਿਤੇ ਤੇ ਇਸ ਦੇ ਜਵਾਬ ਵਿਚ ਆਪ ਨੇ ਇਸ ਤਰਾਂ ਲਿਖੀਆਂ ਜੋ ਵਿਦੇਸ਼ ਵਿਭਾਗ ਪੁਲੀਟੀਕਲ ਨੰ: 2248 ਤਰੀਕ 31 ਦਸੰਬਰ 1847 ਦੀ ਚਿਠੀ ਵਿਚ ਇਸ ਤਰਾਂ ਛਪਿਆ ਪਾਇਆ ਗਿਆ ।

ਮੈਂ ਊਨਾ ਸਲੋਹ ਤੇ ਤਲਹਟੀ ਵੀ ਛੱਡੇ । ਮੇਰੇ ਪਾਸ 22,250 ਰੁਪੈ ਦੇਣ ਦਾ ਕੋਈ ਪ੍ਰਬੰਧ ਨਹੀਂ ਜੇਹੜਾ ਤੁਸੀਂ ਮੰਗਦੇ ਹੋ ਮੈਂ ਆਪ

ਨੂੰ ਫੇਰ ਕਹਿੰਦਾ ਹਾਂ ਕਿ ਇਹਨਾਂ ਜਾਇਦਾਦਾਂ ਵਿਚੋਂ ਪੂਰਾ ਕਰ ਲਓ । ਮੈਂ ਤਾਂ ਇਕ ਫਕੀਰ ਆਦਮੀ ਹਾਂ ਜੋ ਮੇਰੇ ਪਾਸ ਸੀ ਸੋ ਖੁਸਿਆ ਜਾ ਚੁਕਾ ਹੈ । ਲੋਕ ਆਖਦੇ ਹਨ ਮੈਂ ਬੜਾ ਅਮੀਰ ਆਦਮੀ ਹਾਂ ਪਰ ਇਹ ਗਲਤ ਹੈ । ਜੋ ਹੋਣਾ ਸੀ ਸੋ ਹੋ ਚੁਕਾ ਹੈ । ਮੈਂ ਹੁਣ ਦੁਨੀਆਂ ਨੂੰ ਛੱਡ ਕੇ ਰਬ ਦਾ ਨਾਮ ਲੈਣਾ ਚਾਹੁੰਦਾ ਹਾਂ । ਮੈਂ ਆਪ ਪਾਸੋਂ ਇਹੀ ਮੰਗਦਾ ਹਾਂ ਕੇ ਜਿਥੇ ਮੈਂ ਰਹਿਣਾ ਚਾਹੁੰਦਾ ਹਾਂ ਮੈਨੂੰ ਰਹਿਣ ਦਿਓ ਤੇ ਕਿਸੇ ਨੂੰ ਮੈਨੂੰ ਤੰਗ ਨਾ ਕਰਨ ਦਿਓ । ਮੈਨੂੰ ਆਪ ਪਾਸੋਂ ਕੋਈ ਜਾਇਦਾਦ ਜਗੀਰਾਂ ਨਹੀਂ ਚਾਹੀਦੀਆਂ ਮੇਰਾ ਧਿਆਨ ਹੁਣ ਸਤਗੁਰੂ ਦੇ ਚਰਨਾਂ ਵਿਚ ਹੈ ।

ਮਹਾਰਾਜ ਬਾਬਾ ਬਿਕਰਮਾ ਸਿੰਘ ਜੀ ਨੇ ਆਪਣੀ ਤਿਆਰੀ ਅੰਗਰੇਜ਼ ਦੇ ਕਢਣ ਲਈ ਵੀ ਜਾਰੀ ਰਖੀ ਤੇ ਇਸ ਮੌਕੇ ਦੀ ਇੰਤਜ਼ਾਰ ਵਿਚ ਰਹੇ ਜੋ ਸਿਖ ਦਸਬਾਰ ਦਾ ਇਸ਼ਾਰਾ ਆਵੇ ਤਾਂ ਆਪ ਇਕ ਦਮ ਅੰਗਰੇਜ਼ਾਂ ਨੂੰ ਮਾਰ ਕਢਣ । ਇਸ ਕੰਮ ਨੂੰ ਪੂਰਾ ਕਰਨ ਲਈ ਆਪਣੇ ਨਾਲ ਰਾਜੇ ਅੰਮਬ, ਦਾਤਾਰਪੁਰ, ਮੌਹਲ ਮੋਰੀਆਂ (ਕਾਂਗੜਾ) ਸ਼ਾਮਲ ਕਰ ਲਏ ।

ਸਮਾਂ ਨਜ਼ਦੀਕ ਆ ਗਿਆ ਤੇ 1848 ਵਿਚ ਦੂਜੀ ਸਿੱਖਾਂ ਦੀ ਲੜਾਈ ਦੀ ਤਿਆਰੀ ਹੋਈ ਤੇ ਹੇਠ ਲਿਖੀਆਂ ਚਿਠੀਆਂ ਸਿਖ ਦਰਬਾਰ ਵਲੋਂ ਮਹਾਰਾਜਾ ਸ਼ੇਰ ਸਿੰਘ ਤੇ ਸਰਦਾਰ ਲਾਲ ਦੀ ਦਸਖਤੀ ਮਹਾਰਾਜ ਬਾਬਾ ਬਿਕਰਮਾ ਸਿੰਘ ਜੀ ਵਲ ਲਿਖੀਆਂ ਹੋਈਆਂ ਚਿਠੀਆਂ ਅੰਗਰੇਜ਼ਾਂ ਨੇ ਪਕੜ ਲਈਆਂ, ਜਿਸ ਦਾ ਮਜ਼ਮੂਨ ਇਹ ਸੀ :–

ਮਹਾਰਾਜ ਜੀ ਚਰਨ ਬੰਦਨਾ, ਇਸ ਵਕਤ ਖਾਲਸਾ ਪੰਥ ਆਪ ਦੀ ਸਹਾਇਤਾ ਲੋੜਦਾ ਹੈ, ਤੇ ਜੋ ਆਪ ਸਾਡੇ ਗੁਰੂ ਹੋ ਆਪ ਦਾ ਹੁਕਮ ਮੰਨਣ ਨੂੰ ਹਰ ਵਕਤ ਤਿਆਰ ਹਾਂ । ਪਟਿਆਲੇ ਦੇ ਰਾਜੇ ਨੂੰ ਹੁਕਮ ਲਿਖ ਘਲੋ ਜੋ ਉਹ ਪੰਥ ਦਾ ਸਾਥ ਦੇਵੇ । ਮੁਲਤਾਨ ਵਿਚ ਖਾਲਸੇ ਦੀ ਜਿਤ ਹਈ ਹੈ । ਅੰਗਰੇਜ਼ ਨੂੰ ਹਰਾ ਦਿਤਾ ਗਿਆ ਹੈ ਤੇ ਦੁਸ਼ਮਨ ਦੀਆਂ ਤੋਪਾਂ ਖੋਹ ਲਈਆਂ ਗਈਆਂ ਹਨ । ਪਸ਼ੌਰੋਂ ਫੌਜਾਂ ਆ ਮਿਲੀਆਂ ਹਨ । ਪੰਇਨ ਦੀ ਫੌਜ ਤੇ ਇਲਾਹੀ ਬਖਸ਼ (ਅੰਗਰੇਜ਼ ਦੇ ਸਾਥੀ) ਜੇਲ ਵਿਚ ਪਾ ਦਿਤੇ ਹੋਏ ਹਨ ਤੇ ਅੰਗਰੇਜ਼ ਖੈਬਰ ਵਲ ਨੱਠ ਗਏ ਹਨ, ਸੁਲਤਾਨ ਮੁਹੰਮਦ ਦੇ ਆਦਮੀ ਉਹਨਾਂ ਦੇ ਪਿੱਛੇ ਲਗੇ ਹੋਏ ਹਨ ਤੇ ਉਮੀਦ ਹੈ ਜੋ ਉਹ ਫੜੇ ਜਾਣਗੇ ।

ਦੂਜੀ ਚਿੱਠੀ ਰਾਹੀਂ ਇਸੇ ਤਰ੍ਹਾਂ ਸੋਢੀ ਪੰਜ ਸਰਕਾਰ ਅਨੰਦਪੁਰ ਨੂੰ ਵੀ ਸਨੇਹਾ ਘਲਿਆ ਗਿਆ ।

'ਚਰਨ ਬੰਦਨਾ, ਤੁਸੀਂ ਸਾਡੇ ਗੁਰੂ ਹੋ ਤੇ ਖਾਲਸਾ ਤੁਹਾਡੇ ਸੇਵਾਦਾਰ ਹਨ । ਖਾਲਸੇ ਨੂੰ ਸਤਗੁਰੂ ਨੇ ਫੇਰ ਖੜਿਆਂ ਕੀਤਾ ਹੈ । 2 ਲਖ ਸਿੰਘਾਂ ਦੀਆਂ ਫੌਜਾਂ ਇਕੱਠੀਆਂ ਹੋ ਚੁਕੀਆਂ ਹਨ ਸਗੋਂ ਅਸਲ ਗਲ ਤਾਂ ਇਹ ਹੈ ਜੋ ਸਿੰਘਾਂ ਦੀ ਤਦਾਦ ਅਨਗਿਨਤ ਹੈ । ਤੁਸੀਂ ਵੀ ਹੁਣ ਛੇਤੀ ਕਰੋ ਤਾਂ ਆ ਕੇ ਸਾਡੀ ਅਗਵਾਈ ਕਰੋ । ਗੁਰੂ ਮਹਾਰਾਜ ਪਾਸ ਅਰਦਾਸ ਕਰੋ ਜੋ ਖਾਲਸੇ ਦੀ ਜਿਤ ਹੋਵੇ ਤੇ ਤੁਸੀਂ ਬਾਬਾ ਸਾਹਿਬ (ਊਨਾ ਸਾਹਿਬ) ਨਾਲ ਸ਼ਾਮਲ ਹੋ ਜਾਉ ਤਾਂ ਕਿ ਕੌਮ ਦੀ ਜਿਤ ਹੋਵੇ ।

ਮੁਲਤਾਨ ਵਿਚ ਕੋਈ ਫਰੰਗੀ ਨਹੀਂ ਰਹਿ ਗਿਆ । ਰਾਜਾ ਗੁਲਾਬ ਸਿੰਘ ਦੀਆਂ ਫੌਜਾਂ ਸਾਡੇ ਨਾਲ ਆ ਮਿਲੀਆਂ ਹਨ ਤੇ ਕੁਝ ਦਿਨਾਂ ਵਿਚ

ਅਸੀਂ ਸਭ ਕੁਝ ਫਤਹਿ ਕਰ ਲਵਾਂਗੇ।

ਮਹਾਰਾਜਾ ਪਟਿਆਲੇ ਨੂੰ ਲਿਖੋ ਕਿ ਉਹ ਸਿਖ ਹੈ ਤੇ ਫਰੰਗੀਆਂ ਨੂੰ ਹਿੰਦੂਸਤਾਨ ਵਿਚੋਂ ਕਢ ਦੇਵੇ। ਉਸ ਨੂੰ ਲਿਖੋ ਜੋ ਪੰਥ ਦਾ ਝੰਡਾ ਝੁਲਾਵੇ ਤੇ ਖਾਲਸੇ ਨਾਲ ਆ ਸ਼ਾਮਲ ਹੋਵੇ।

ਮਹਾਰਾਜ ਨੂੰ ਇਹਨਾਂ ਚਿਠੀਆਂ ਦਾ ਪਤਾ ਲਗ ਚੁਕਾ ਹੋਵੇਗਾ, ਜਾਂ ਹੋਰ ਚਿਠੀਆਂ ਮਿਲ ਗਈਆਂ ਹੋਣਗੀਆਂ, ਸੋ ਇਹ ਚਿਠੀਆਂ ਤਾਂ ਅੰਗਰੇਜ਼ਾਂ ਰਾਹ ਵਿਚ ਹੀ, ਜੇਹੜਾ ਏਲਚੀ ਲੈ ਕੇ ਆਇਆਂ ਸੀ, ਖੋਹ ਲਈਆਂ ਸਨ।

ਉਸ ਵਕਤ ਦਾ ਹੁਸ਼ਿਆਰਪੁਰ ਦੇ ਡਿਪਟੀ ਕਮਿਸ਼ਨਰ (ਰੋਬਰਟ ਕਰਸਟ) ਨੇ ਆਪ ਦੇ ਬਾਰੇ ਵਿਚ ਆਪਣੀ ਚਿੱਠੀ ਨੰ: 389 ਤਾਰੀਖ 28 ਸਤੰਬਰ 1848 ਜੋਨ ਲਾਰਿੰਸ ਵਲ ਇਸ ਤਰਾਂ ਲਿਖਿਆ ਸੀ।

ਸੋਢੀ ਸਾਧੂ ਸਿੰਘ ਦਾ ਨੌਕਰ ਚਿੰਤਪੁਰਨੀ ਤੋਂ ਪਕੜਿਆ ਗਿਆ ਹੈ। ਉਹ ਆਪਣੇ ਆਪ ਨੂੰ ਮੂਲ ਚੰਦ ਦਾ ਏਲਚੀ ਦਸਦਾ ਹੈ। ਇਹ ਰਾਜਾ ਅੰਮਬ ਤੇ ਦਾਤਾਰ ਪੁਰ ਨੂੰ ਵੀ ਆਪਣੀ ਵਫਾਦਾਰੀ ਦਾ ਸਬੂਤ ਦਿੰਦਾ ਹੈ। ਫੇਰ ਮੈਂ (ਡਿਪਟੀ ਕਮਿਸ਼ਨਰ) ਦਖਣ ਵਲ ਚਲਾ ਗਿਆ ਤੇ ਊਨੇ ਸਾਹਿਬ ਪਹੁੰਚ ਗਿਆ। ਇਹ ਸਾਰੀਆਂ ਸਾਜ਼ਸ਼ਾਂ ਦਾ ਗੜ੍ਹ ਹੈ। ਤਸੀਲ਼ਦਾਰ ਅੰਮਬ ਤੇ ਗੜ੍ਹਸ਼ੰਕਰ, ਥਾਨੇਦਾਰ ਊਨਾ ਸਾਹਿਬ ਤੇ ਹੋਰ ਐਥੇ ਦੇ ਲੋਕੀ ਦਸਦੇ ਹਨ ਕਿ ਬਾਬਾ ਬਿਕਰਮਾ ਸਿੰਘ ਜੀ ਬੇਦੀ ਆਪਣੀ ਫੌਜ ਦੀ ਪੂਰੀ ਤਿਆਰੀ ਕਰ ਰਹੇ ਹਨ। ਤੇ ਆਪਣੇ ਏਲਚੀ ਪਿੰਡਾਂ ਵਿਚ ਘਲ ਰਹੇ ਹਨ ਕੇ ਅੰਗਰਜ਼ ਦਾ ਰਾਜ ਖਤਮ ਹੋ ਜਾਣਾ ਹੈ। ਆਪ

(ਬਾਬਾ ਸਾਹਿਬ) ਦੀ ਪੂਰੀ ਤਿਆਰੀ ਹੈ ਸਿਰਫ ਮੌਕਾ ਲਗਣ ਦੀ ਇਨਤਜ਼ਾਰ ਹੈ। ਜੇ ਕਰ ਬਾਬਾ ਸਾਹਿਬ ਨੇ ਹੀ ਕਲਿਆਂ, ਆਪਣੀ ਬਗ਼ਾਵਤ ਕਰਨ ਦਾ ਨੁਕਸਾਨ ਉਠਾਣਾ ਹੁੰਦਾ ਤਾਂ ਠੀਕ ਸੀ, ਪਰ ਇਸ ਦਾ ਨਤੀਜਾ ਇਹ ਹੋਵੇਗਾ ਜੋ ਕੁਲ ਇਲਾਕੇ ਦੀ ਜਨਤਾ ਜੋ ਵਰੁਧ ਹਨ ਨੁਕਸਾਨ ਉਠਾਨਗੇ। ਮੇਰੀ ਸਫਾਰਸ਼ ਹੈ ਜੋ ਬਾਬਾ ਬਿਕਰਮਾ ਸਿੰਘ ਜੀ ਨੂੰ ਫੌਰਨ ਊਨਾ ਸਾਹਿਬ ਛੱਡ ਕੇ ਹਰਦਵਾਰ ਚਲੇ ਜਾਣ ਦਾ ਹੁਕਮ ਦਿਤਾ ਜਾਵੇ। ਤੇ ਸਾਡੇ ਕੋਲ ਆਪਣਾ ਹੁਕਮ ਮਨਾਉਣ ਲਈ ਫੌਜ ਮੇਜਰ ਵੀਲਰ ਦੀ ਕਾਫੀ ਤਦਾਦ ਵਿਚ ਮੌਜੂਦ ਹੈ। ਅਸੀਂ ਆਪ ਨੂੰ ਗੁਸਤਾਖ਼ ਬਣਾ ਦਿਤਾ ਹੈ ਜਿਸ ਨੂੰ ਆਪਣੀ ਜ਼ਿੰਦਗੀ ਦੀ ਵੀ ਪ੍ਰਵਾਹ ਨਹੀਂ। ਤੇ ਕੋਈ ਹਰਾਨੀ ਦੀ ਗਲ ਨਾ ਹੋਵੇਗੀ, ਜੇ ਬਾਬਾ ਸਾਹਿਬ ਮੁੜ ਕੇ ਦੇਸ਼ ਦਾ ਰਾਜ ਕਾਇਮ ਕਰਨ ਦੀ ਕੋਸ਼ਿਸ਼ ਕਰਨਗੇ। ਜਿਸ ਦਾ ਨਤੀਜਾ ਇਹ ਹੋਵੇਗਾ ਕਿ ਬੜਾ ਕੁਸ਼ਤੇਖ਼ੂਨ ਹੋਵੇਗਾ।

ਅੱਗੇ ਚਲ ਕੇ ਪਤਾ ਲਗਾ ਕਿ ਸੋਢੀ ਜੋਧ ਸਿੰਘ, ਸੁੰਦਰ ਸਿੰਘ ਰਾਮ ਸਿੰਘ ਬੇਦੀ ਸਾਹਿਬ ਨਾਲ ਮਿਲ ਕੇ ਬੰਦੇ ਭਰਤੀ ਕਰ ਰਹੇ ਹਨ। ਬਗਾਵਤ ਵਿਚ ਇਹਨਾਂ ਸਜਨਾਂ ਦਾ ਬੜਾ ਨੁਕਸਾਨ ਹੋਵੇਗਾ। ਜੋ ਬਾਬਾ ਸਾਹਿਬ ਦਾ ਨਹੀਂ ਹੋਵੇਗਾ। ਕਿਉਂਕਿ ਬਾਬਾ ਸਾਹਿਬ ਨੇ ਸਰਕਾਰ ਕੋਲੋਂ ਕੋਈ ਵੀ ਜਗੀਰ ਲੈਣ ਤੋਂ ਇਨਕਾਰ ਕਰ ਦਿਤਾ ਹੈ। ਇਸ ਲਈ ਉਮੀਦ ਕੀਤੀ ਜਾਂਦੀ ਹੈ ਜੋ ਇਹ ਸਜਨ ਤਾਂ ਸੋਚ ਸਮਝ ਕੇ ਚਲਣਗੇ।

ਇਹਨਾਂ ਸਜਨ੍ਹਾਂ ਨੂੰ ਦੂਨ ਵਿਚੋਂ ਕਢ ਲਿਆ ਜਾਵੇ ਤਾਂ ਸ਼ਾਂਤੀ ਵਰਤ ਜਾਵੇਗੀ।

ਜੈਸਾ ਕਿ ਅਗੇ ਦਸਿਆ ਗਿਆ ਹੈ ਮਹਾਰਾਜ ਬਾਬਾ ਬਿਕਰਮਾ

ਸਿੰਘ ਜੀ ਨੇ ਨਾਲ ਰਾਜ਼ੇ ਅੰਮਬ, ਦਾਤਾਰਪੁਰ ਮੈਹਲ ਮੋਰੀਆਂ (ਕਾਂਗੜਾ) ਸ਼ਾਮਲ ਕਰ ਕੇ ਬਗਾਵਤ ਦੇ ਯਤਨ ਕੀਤੇ। ਉਧਰੋਂ ਪਠਾਨਕੋਟ ਤੇ ਸਿੰਘਾਂ ਨੇ ਚੜ੍ਹਾਈ ਕੀਤੀ, ਤੇ ਨਾਲ ਹੀ ਐਥੇ ਮਹਾਰਾਜ ਨੇ ਅੰਗਰੇਜ਼ ਦੀ ਪੁਲਸ ਊਨਾ ਸਾਹਿਬ ਤੇ ਨੂਰਪੁਰ ਦੇ ਥਾਨੇ ਕਾਠ ਮਾਰ ਦਿਤੇ, ਤੇ ਜਾ ਕੇ ਫੌਜਾਂ ਸਮੇਤ ਚੀਨੀ ਘਾਟੀ ਦਾ ਦਰਾ ਮਲ ਲਿਆ ਜਿਸ ਰਸਤੇ ਅੰਗਰੇਜ਼ ਦੀ ਚੜਣ ਦੀ ਉਮੀਦ ਸੀ। ਤੇ ਇਧਰ ਅੰਮਬ ਵਾਲੇ ਪਾਸੇ ਰਾਜੇ ਹੋ ਗਏ। ਇਹ ਜਾਣਦਿਆਂ ਹੋਇਆਂ ਜੋ ਅੰਗਰੇਜ਼ ਮਹਾਰਾਜ ਦੇ ਸਾਹਮਣੇ ਪੇਸ਼ ਨਾ ਚਲੇਗੀ। ਸੋ ਅੰਗਰੇਜ਼ ਨੇ ਸਿਧੀ ਚੀਨੀ ਘਾਟੀ ਤੇ ਚੜ੍ਹਾਈ ਕਰਨ ਦੀ ਬਜਾਏ ਪਹਿਲਾਂ ਰਾਜਿਆਂ ਨੂੰ ਕਮਜ਼ੋਰ ਜਾਣਦਿਆਂ ਹੋਇਆਂ, ਉਹਨਾਂ ਤੇ 3-12-1848 ਨੂੰ ਚੜ੍ਹਾਈ ਕਰ ਦਿਤੀ, ਤੇ ਕੁਲ ਇਲਾਕਾ ਤਲਹੱਟੀ ਪਹਾੜ ਸ਼ਵਾਲਕ ਤੇ ਤਲਾਈ ਦੀ ਧਾਰ ਵਿਚ ਫਤਹਿ ਕਰ ਲਿਆ ਤੇ ਰਾਜੇ ਪਕੜ ਕੇ ਨਜ਼ਰਬੰਦ ਕਰ ਦਿਤੇ ਹੋਰ ਚਿੱਠੀਆਂ ਤੋਂ ਜ਼ਾਹਰ ਹੈ ਕਿ ਜਿਸ ਵਕਤ ਆਪਣੇ ਸਾਥੀਆਂ ਦਾ ਹਾਲ ਸੁਣਿਆਂ ਤਾਂ ਮਹਾਰਾਜ ਨੇ ਆਪਣੀਆਂ ਫੌਜਾਂ ਲੈ ਕੇ, ਸਿਧੇ ਦਰਿਆ ਬਿਆਸ ਪਾਰ ਕੀਤਾ ਤੇ ਸਿੰਘਾਂ ਦੀਆਂ ਫੌਜਾਂ ਵਿਚ ਜਾ ਸ਼ਾਮਲ ਹੋਏ।

੫.੧੨.੪੮ ਨੂੰ ਅੰਗਰੇਜ਼ਾਂ ਨੇ ਊਨੇ ਸਾਹਿਬ ਕਿਲੇ ਤੇ ਕਬਜ਼ਾ ਕਰ ਲਿਆ ਤੇ ਜੋਨ ਲਾਰਿੰਸ ਨੇ ੫.੧੨ ਦੀ ਚਿਠੀ ਵਿਚ ਲਿਖਿਆ ਜੋ ਹੁਣ ਉਹ ਕਿਲਾ ਢਾਹ ਢੇਰੀ ਕਰ ਦੇਵੇਗਾ। ਕਿਲੇ ਪਹਿਲਾਂ ਢਾਹ ਢੇਰੀ ਕਰ ਦਿਤੇ ਗਏ ਤੇ ਲੁਟ ਮਚਾ ਕੇ ਊਨੇ ਸਾਹਿਬ ਤੇ ਕਬਜ਼ਾ ਕਰ ਲਿਆ ਪਰ ਮਹਾਰਾਜ ਆਪ ਦੇ ਹੱਥ ਨਾ ਲੱਗੇ।

੧੮੪੮ ਦੀ ਲੜਾਈ ਸਿੰਘਾਂ ਦੀ ਬੜੀ ਜ਼ਬਰਦਸਤ ਹੋਈ।

ਅੰਗਰੇਜ਼ ਦਾ ਮੂੰਹ ਤਾਂ ਖੂਬ ਮੋੜਿਆ ਪਰ ਹੋਣੀ ਬੜੀ ਡਾਹਡੀ ਸੀ, ਅੰਗਰੇਜ਼ ਦੀ ਤਾਕਤ ਜ਼ਿਆਦਾ ਹੋਣ ਕਰਕੇ, ਤੇ ਸਾਡੇ ਇਲਾਕੇ ਵਿਚ ਚੁਗਲਖੋਰਾਂ ਦੀ ਤਿਦਾਦ ਜ਼ਿਆਦਾ ਸੀ । ਸੋ ਅੰਗਰੇਜ਼ ਜਿਤਿਆ ਤੇ ਸਿੰਘਾਂ ਨੂੰ ਹਾਰ ਹੋਈ ਕੁਲ ਆਗੂ ਫੜ ਲਏ ਗਏ ਤੇ ਮਹਾਰਾਜ ਨੂੰ ਫੜ ਕੇ ਅੰਮ੍ਰਿਤਸਰ ਨਜ਼ਰ ਬੰਦ ਕਰ ਦਿਤਾ, ਜਿਥੇ ਆਪ ੧੬ ਅਗਸਤ ੧੮੬੨ ਨੂੰ ਪ੍ਰਲੋਕ ਸੁਧਾਰ ਗਏ । ਪਰ ਆਪ ਦਾ ਅਜ ਵੀ ਨਾਮ ਜਿੰਦਾ ਹੈ ਆਪ ਦੀ ਸਮਾਧੀ ਅਜੇ ਵੀ ਢਾਬ ਬਸਤੀ ਰਾਮ ਅੰਮ੍ਰਿਤਸਰ ਵਿਚ ਕਾਇਮ ਹੈ । ਜੋ ਬੜੀ ਖਸਤਾ ਹਾਲਤ ਵਿਚ ਹੈ ਕੁਝ ਅਸਥਾਨ ਤਾਂ ਢਾਹ ਢੇਰੀ ਹੋ ਚੁਕਾ ਹੈ, ਜਿਸਦਾ ਵਰਤਮਾਨ ਸਮੇਂ ਦੇ ਗੱਦੀ ਨਸ਼ੀਨ ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਬੇਦੀ ਊਨਾ ਸਾਹਿਬ ਲਖਾਂ ਰੁਪਿਐ ਖਰਚ ਕੇ ਮੁੜ ਬਨਾਉਣ ਦਾ ਯਤਨ ਕਰ ਰਹੇ ਹਨ ਤੇ ਆਸ ਹੈ ਕਿ ਸੰਗਤ ਇਸ ਗੁਰੂ ਨਾਨਕ ਪਾਤਸ਼ਾਹ ਦਾ ਸੰਤਾਨਕ ਅਸਥਾਨ ਕਾਇਮ ਕਰਨ ਵਿਚ ਪੂਰਾ ਤਨ, ਮਨ ਤੇ ਧਨ ਨਾਲ ਸਹਿਯੋਗ ਬਖਸ਼ਣਗੇ । ਇਕ ਅੰਗਰੇਜ਼ ਆਪ ਦੇ ਬਾਰੇ ਵਿਚ ਕੁਲ ਰਾਜਸੀ ਹਾਲਤ ਦਸਦਾ ਹੋਇਆ ਇਸ ਤਰਾਂ ਲਿਖਦਾ ਹੈ ।

ਹਿਜ਼ ਐਕਸੀਲੈਂਸੀ ਵਾਇਸਰਾਏ ਬੇਦੀ ਬਿਕਰਮਾ ਸਿੰਘ ਜੀ ਦੇ ਖਾਨਦਾਨ ਤੋਂ ਪੂਰੇ ਵਾਕਿਫ ਹਨ.। ਆਪ ਗੁਰੂ ਨਾਨਕ ਦੇਵ ਜੀ ਦੀ ਸੰਤਾਨ ਵਿਚੋਂ ਹਨ । ਜਦੋਂ ਇਲਾਕਾ ਜਲੰਧਰ ਡਵੀਜ਼ਨ ਅੰਗਰੇਜ਼ ਨੇ ਫਤੇ ਕਰ ਲਿਆ, ਤਾਂ ਉਸ ਵੇਲੇ ਆਪ ਦੇ ਪਾਸ 117 ਪਿੰਡ ਕਬਜ਼ੇ ਵਿਚ ਸਨ ਤੇ ਆਪ ਨੂੰ ਉਸ ਵੇਲੇ ਦੋ ਲਖ ਰੁਪਿਏ ਦੀ ਆਮਦਨ ਸੀ । ਇਹ ਇਲਾਕੇ ਆਪ ਨੂੰ ਆਪ ਦੇ ਸੇਵਕਾਂ ਨੇ ਦਿਤੇ ਹੋਏ ਸਨ । ਜ਼ਿਹਨਾਂ ਵਿਚੋਂ

ਮਹਾਰਾਜ ਰਣਜੀਤ ਸਿੰਘ ਵੀ ਇਕ ਸੀ। ਆਪ ਨੇ ਅਜ਼ਾਦੀ ਲਈ ਬਗਾਵਤ ਕੀਤੀ, ਜਿਸ ਵਜਾ ਕਰਕੇ ਆਪ ਦਾ ਕੁਲ ਇਲਾਕਾ ਜ਼ਬਤ ਕਰ ਲਿਆ ਗਿਆ ਤੇ ਆਪ ਨੂੰ ਅੰਮ੍ਰਿਤਸਰ ਨਜ਼ਰ ਬੰਦ ਕਰ ਦਿਤਾ ਗਿਆ। ਆਪ ਨੂੰ ਜਗੀਰ ਪੇਸ਼ ਕੀਤੀ ਗਈ ਪਰ ਆਪ ਨੇ ਲੈਣ ਤੋਂ ਇਨਕਾਰ ਕੀਤਾ ਤੇ ਅੰਗਰੇਜ਼ ਪਾਸੋਂ ਜਗੀਰ ਲੈਣੀ ਬੇਇਜ਼ਤੀ ਸਮਝੀ। ਇਸ ਮਾਨੇਵਰ ਤੇ ਤਾਕਤਵਰ ਖਾਨਦਾਨ ਦੇ ਇਹ ਹਾਲਾਤ ਹਨ, ਜਿਹੜਾ ਗੁਰਬਤ ਤਾਈਂ ਪੁਜਾ ਦਿਤਾ ਗਿਆ। ਇਹ ਠੀਕ ਹੈ ਜੋ ਇਹਨਾਂ ਦੀ ਬਗਾਵਤ ਸਜ਼ਾ ਦਾ ਮੂਲ ਬਣੀ, ਪਰ ਦੁਨੀਆਂ ਦੇ ਅਸੂਲਾਂ ਨੂੰ ਮੁਖ ਰਖਦੇ ਹੋਏ ਜਰੂਰੀ ਹੈ, ਕਿ ਇਸ ਖਾਨਦਾਨ ਦੀ ਨਮਾਂਇਨਦਾ ਹਮੇਸ਼ਾਂ ਇਨਾਂ ਉਚਾ ਉਠਾਇਆ ਜਾਵੇ ਜੋ ਹਮੇਸ਼ਾ ਹਕੂਮਤ ਦਾ ਮੋਹਤਾਜ ਰਹੇ।

ਅੰਗਰੇਜ਼ ਦੇ ਰਾਜ ਵਿਚ ਆਪ ਦਾ ਇਤਿਹਾਸ ਅੰਗਰੇਜ਼ ਦੀ ਕੁਟਲ ਨੀਤੀ ਕਰ ਕੇ ਨਾ ਪ੍ਰਗਟ ਹੋਇਆ ਪਰ ਅਜ ਸੰਗਤਾਂ ਅਗੇ ਰਖਿਆ ਜਾਂਦਾ ਹੈ। ਅੰਗਰੇਜ਼ ਨਹੀਂ ਸੀ ਚਾਹੁੰਦਾ ਜੋ ਇਹ ਇਤਿਹਾਸ ਸਿਖ ਸੰਗਤਾਂ ਅਗੇ ਪ੍ਰਗਟ ਕਰ ਕੇ ਆਪਣੀਆ ਨੀਹਾਂ ਨੂੰ ਕਮਜ਼ੋਰ ਕਰ ਲਵੇ। ਇਸ ਵਾਸਤੇ ਇਹ ਇਤਿਹਾਸ ਖੁਫੀਆ ਦਫਤਰ ਵਿਚ ਰਖਿਆ ਜਾਂਦਾ ਸੀ। ਜੋ ਅਜ ਖੋਜ ਤੋਂ ਬਾਅਦ ਪ੍ਰਗਟ ਕੀਤਾ ਗਿਆ ਹੈ। ਖੋਜ ਅਜੇ ਬਾਕੀ ਹੈ ਜੋ ਅਗਲੇ ਗੁਰਪੁਰਬਾਂ ਤੇ ਪ੍ਰਗਟ ਕਰਨ ਦਾ ਯਤਨ ਕੀਤਾ ਜਾਵੇਗਾ।

ਆਪ ਬੜੇ ਅਨਖੀਲੇ ਬਾਬੇ ਸਨ ਜਿਹਨਾਂ ਪੰਥ ਤੇ ਮੁਲਕ ਤੋਂ ਕੁਰਬਾਨ ਹੋਣਾ ਹੀ ਮੁਨਾਸਬ ਸਮਝਿਆ ਤੇ ਅੰਗਰੇਜ ਦੀ ਗੁਲਾਮੀ ਕਬੂਲ ਨਾ ਕੀਤੀ। ਅੰਗਰੇਜ਼ ਦੀ ਕੁਟਲ਼ ਨੀਤੀ ਤਾਕਤ ਦੇ ਜ਼ੋਰ ਜਰੂਰ ਕਾਮਯਾਬ ਹੋਈ, ਪਰ ਅਨਖੀਲੇ ਬਾਬਾ ਜੀ ਨੂੰ ਨਾ ਝੁਕਾ ਸਕੀ। ਆਪ

ਦੇ ਘਰਾਨੇ ਨੂੰ ਗੁਰਬਾਤ ਤਾਈਂ ਪੁਚਾਇਆ। ਤੇ ਅੰਗਰੇਜ਼ ਨੇ ਸਿੰਘਾਂ ਦੇ ਗੁਰੂ ਘਰਾਨੇ ਨੂੰ ਮਲੀਆ ਮੇਟ ਕਰਨ ਦੀ ਪੂਰੀ ਕੋਸ਼ਿਸ਼ ਕੀਤੀ, ਪਰ ਇਹ ਸ੍ਰੀ ਹਜ਼ੂਰ ਸਾਹਿਬ ਜੀ ਦੀ ਗਦੀ ਸਦਾ ਕਾਇਮ ਰਹਿਣ ਸੀ, ਤੇ ਆਪ ਦੀ ਕਿਰਪਾ ਦੁਆਰੇ ਉਸੇ ਤਰ੍ਹਾਂ ਅਜ ਵੀ ਦਿਨ ਦੁਗਨੀ ਰਾਤ ਚੌਗਨੀ ਤਰਕੀ ਕਰ ਰਹੀ ਹੈ। ਸਮਾਂ ਬੀਤਦਿਆਂ ਪਤਾ ਨਹੀਂ ਲਗਦਾ। ਸੂਰਜ ਦੇ ਅਗੇ ਵੀ ਕਈ ਵਾਰ ਬਦਲ ਛਾ ਜਾਂਦੇ ਹਨ ਪਰ ਜਦੋਂ ਹਟਦੇ ਹਨ ਤਾਂ ਖੂਬ ਚਮਕਦਾ ਹੈ ਹੁਣ ਵੀ ਸੰਗਤਾਂ ਦੀ ਅਸ਼ੀਰਵਾਦ ਨਾਲ, ਇਸ ਘਰਾਨੇ ਨੂੰ ਸ੍ਰੀ ਹਜ਼ੂਰ ਸਾਹਿਬ ਸਿੰਘ ਜੀ ਦੇ ਜ਼ਮਾਨੇ ਦੇ ਧਾਰਮਿਕ ਰੁਤਬੇ ਤੇ ਹੀ ਪਹੁੰਚਾਣਾ ਜ਼ਰੂਰੀ ਸਮਝਿਆ ਜਾਂਦਾ ਹੈ। ਤੇ ਉਮੀਦ ਹੈ ਕਿ ਇਹ ਆਪ ਦੀ ਗੁਰਗੱਦੀ ਇਹ ਕੁਝ ਸਾਲਾਂ ਵਿਚ ਪੂਰੀ ਕਰ ਸਕੇਗੀ ਤੇ ਸੰਗਤਾਂ ਵੀ ਤਨ ਤੇ ਮਨ ਪ੍ਰੇਮ ਪਿਆਰ ਵਧਾਨ ਦੀ ਕੋਸ਼ਸ਼ ਕਰਨ, ਤਾਂ ਕਿ ਉਹ ਵੀ ਉਨ੍ਹਾਂ ਹੀ ਚੜਦੀਆਂ ਕਲਾਂ ਵਿਚ ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਦੇ ਜ਼ਮਾਨੇ ਵਾਲਾ ਰੁਤਬਾ ਹਾਸਲ ਕਰ ਸਕਣ। ਅਜ ਸਾਡੇ ਦੇਸ਼ ਦਾ ਲਹੂ ਚੂਸਨ ਵਾਲੇ ਅੰਗਰੇਜ਼ ਦਾ ਬੋਰੀਆ ਬਿਸਤਰਾ ਗੋਲ ਹੋ ਚੁਕਾ ਹੈ ਅਤੇ ਦੇਸ਼ ਅਜ਼ਾਦ ਹੈ। ਇਧਰ ਵੀ ਬਾਬੇ ਜੀ ਦੀ ਮਿਹਰ ਅਤੇ ਪ੍ਰੇਰਨਾ ਦਵਾਰਾ ਆਪ ਦੇ ਲੰਗਰ ਮੁੜ ਉਸੇ ਤਰਾਂ ਖੋਲ ਦਿਤੇ ਗਏ ਹਨ ਅਤੇ ਆਸ ਹੈ ਕਿ ਗੁਰੂ ਬਾਬਾ ਮੁੜ ਆਪਣੇ ਲੰਗਰ ਦੇ ਪ੍ਰਤਾਪ ਨੂੰ ਉਸੇ ਤਰਾਂ ਪ੍ਰਗਟਾਇਗਾ।

ਇਹ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸੰਤਾਨ ਹੈ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜੋ ਪ੍ਰਚਾਰ ਦੀ ਲੜੀ ਚਲਾਈ ਉਸ ਨੂੰ ਕਾਇਮ ਰਖਣਾ ਹੀ ਇਸ ਘਰਾਨੇ ਦਾ ਕਰਤਬ ਹੈ। ਇਸ ਕਰਤਬ ਦੀ ਬਾਵਜੂਦ ਮੁਸ਼ਕਲਾਂ ਤੇ

ਰਾਜਸੀ ਰੁਕਾਵਟਾਂ ਦੇ ਪੂਰਨ ਪਾਲਨਾ ਕੀਤੀ ਜਾਨਦੀ ਰਹੀ ਹੈ। ਏਸੇ ਇਤਹਾਸ ਤੋਂ ਜ਼ਾਹਿਰ ਹੈ ਤੇ ਅਗੇ ਨੂੰ ਵੀ ਅਰਦਾਸ ਜੋ ਗੁਰਬਾਨੀ ਦਾ ਪ੍ਰਚਾਰ ਇਸ ਤਰਾਂ ਕਰਨ ਦਾ ਸਤਗੁਰੂ ਤੇ ਸਾਧ ਸੰਗਤ ਬਲ ਬਖਸ਼ੀ ਰਖੇ। ਇਸ ਕਰਤਬ ਨੂੰ ਪਾਲਨਾ ਹੀ ਸਾਡਾ ਧਰਮ ਹੈ। ਤੇ ਆਓ ਸਾਧ ਸੰਗਤ ਜੀ ਅਜ ਅਸੀਂ ਇਕੱਠੇ ਹੋ ਕੇ ਅਰਦਾਸ ਕਰੀਏ ਜੋ ਸਤਗੁਰੂ ਨਾਨਕ ਦੇਵ ਜੀ ਅਪਨੀ ਬਖਸ਼ਸ਼ ਕਰਨ ਤੇ ਇਸ ਧਰਮ ਪ੍ਰਚਾਰ ਦੀ ਜੋ ਬੋਹਤ ਸਾਰੀ ਅਜੇ ਕੰਮੀ ਹੈ ਉਸ ਨੂੰ ਪੂਰੀ ਕਰ ਸਕੀਏ। ਤੇ ਆਪਨੇ ਧਰਮ ਨੂੰ ਚੜਦੀਆਂ ਕਲਾਂ ਵਿਚ ਲੈ ਜਾਈਏ। ਸਾਨੂੰ ਕਿਸੇ ਵਿਅਕਤੀ ਦੀ ਓਟ ਲੈਣ ਦੀ ਲੋੜ ਹੈ ਤੇ ਅਜ ਕਲਜੁਗ ਵਿਚ ਓਟ ਗੁਰੂ ਗਰੰਥ ਸਾਹਿਬ ਦੀ ਹੀ ਲੈਣੀ ਮੁਨਾਸਬ ਹੈ ਜਿਹਨਾਂ ਨੂੰ ਅਸੀਂ ਦਸਾਂ ਪਾਤਸ਼ਾਹੀਆਂ ਦਾ ਸਰੂਪ ਸਮਝਦੇ ਹਾਂ। ਤੇ ਇਸੇ ਲਈ ਇਸ ਧਰਮ ਪ੍ਰਚਾਰ ਦੀ ਲੜੀ ਨੂੰ ਚਲਾਨ ਲਈ ਆਪ ਦੇ ਮਹਾਨ ਪਵਿਤਰ ਅਖੰਡ ਪਾਠਾਂ ਦੀ ਓਟ ਲਈ ਜਾਂਦੀ ਹੈ। ਸਤਗੁਰੂ ਅਪਨੀਆਂ ਬਖਸ਼ਸ਼ਾਂ ਕਰਨ ਗੇ ਤੇ ਇਸ ਮਗਦ ਨੂੰ ਪੂਰਾ ਕਰਨ ਗੇ। 'ਇਹੀ ਸਾਡਾ ਕਰਤਬ ਤੇ ਮਿਸ਼ਨ ਹੈ"

ਸਤਗੁਰੂ ਬਲ ਬਖਸ਼ੇ ॥

ਹੇਠ ਲਿਖੀਆਂ ਪੁਸਤਕਾਂ ਵਿਚ ਆਪ ਦਾ ਸੰਬੰਧਤ ਇਤਿਹਾਸ ਮਿਲਦਾ।


1. ਮਹਾਨ ਕੋਸ਼—(ਲਿਖਤ ਭਾਈ ਕਾਨ ਸਿੰਘ ਨਾਭਾ ਵਾਲੇ)

(2) "The Punjab Pioneer Freedom Fighter" by Prof. Kirpal Singh and Prof. M. L. Ahluwalia.

(3) "Ranjit Singh Maharaja Punjab 1780 to 1839" by S. Khushwant Singh.

(4) "Punjab in 1839" edited by Prof. Ganda Singh.

(5) "District Gazzetter of Hoshiarpur"

(6) "Punjab Chiefs" by Griffen.

# ਧੰਨ ਧੰਨ ਸਤਿਗੁਰੂ

## ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ

ਸ੍ਰੀ ਬਾਬਾ ਲਛਮੀ ਚੰਦ ਜੀ

ਸ੍ਰੀ ਬਾਬਾ ਸ੍ਰੀ ਚੰਦ ਜੀ ਮਹਾਰਾਜ (ਉਦਾਸੀਨ ਸੰਪ੍ਰਦਾਇ ਦੇ ਮੁਖੀ)

ਸ੍ਰੀ ਬਾਬਾ ਧਰਮ ਚੰਦ ਜੀ

ਸ੍ਰੀ ਬਾਬਾ ਮਾਨਕ ਚੰਦ ਜੀ

ਸ੍ਰੀ ਬਾਬਾ ਦਾਤਾਰ ਚੰਦ ਜੀ

ਸ੍ਰੀ ਬਾਬਾ ਪਹਾੜ ਚੰਦ ਜੀ

ਸ੍ਰੀ ਬਾਬਾ ਹਰਕਰਨ ਚੰਦ ਜੀ

ਸ੍ਰੀ ਬਾਬਾ ਨਿਹਾਲ ਚੰਦ ਜੀ

ਸ੍ਰੀ ਬਾਬਾ ਕਲਾਧਾਰੀ ਜੀ

ਸ੍ਰੀ ਬਾਬਾ ਅਜੀਤ ਸਿੰਘ ਜੀ

## ਸ੍ਰੀ ਹਜ਼ੂਰ ਬਾਬਾ ਸਾਹਿਬ ਸਿੰਘ ਜੀ ਬੇਦੀ

ਸ੍ਰੀ ਹਜ਼ੂਰ ਬਾਬਾ ਬਿਕਰਮਾ ਸਿੰਘ ਜੀ

ਸ੍ਰੀ ਹਜ਼ੂਰ ਬਾਬਾ ਸੁਜਾਨ ਸਿੰਘ ਜੀ

ਸ੍ਰੀ ਹਜ਼ੂਰ ਬਾਬਾ ਟਿੱਕਾ ਰਾਮ ਕਿਸ਼ਨ ਸਿੰਘ ਜੀ

ਸ੍ਰੀ ਹਜ਼ੂਰ ਬਾਬਾ ਦੇਵਇੰਦਰ ਸਿੰਘ ਜੀ

## ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਗੱਦੀ ਨਸ਼ੀਨ

ਟਿੱਕਾ ਸਰਬਜੋਤ ਸਿੰਘ ਜੀ

ਬਾਬਾ ਅਮਰਜੋਤ ਸਿੰਘ ਜੀ



ਸ੍ਰੀ ਹਜ਼ੂਰ ਬਾਬਾ ਮਧੁਸੂਦਨ ਸਿੰਘ ਜੀ ਬੇਦੀ ਵਰਤਮਾਨ ਸਮੇਂ ਦੇ ਗੱਦੀ ਨਸ਼ੀਨ